ਇਹ ਜਾਣਕਾਰੀ ਇਹ ਦੱਸਦੀ ਹੈ ਕਿ ਸਾਨੂੰ ਆਪਣੇ ਉਹ ਕਾਰਨ ਕਿਵੇਂ ਦੱਸਣੇ ਹਨ ਜਿਨ੍ਹਾਂ ਕਰਕੇ ਤੁਹਾਡੀ ਅਪੀਲ ਲੇਟ ਦਰਜ ਕੀਤੀ ਗਈ ਸੀ। ਜ਼ਿਆਦਾ ਜਾਣਕਾਰੀ ਸਾਡੇ ਵੈੱਬਸਾਈਟ ਉੱਪਰ ਦੇਖੋ: wcat.bc.ca ਜਾਂ ਮਦਦ ਮੰਗਣ ਲਈ ਬੇਝਿਜਕ ਸਾਡੀ ਟੀਮ ਨੂੰ ਫੋਨ ਕਰੋ: 604-664-7800 ਜਾਂ 1-800-663-2782

## ਜੇ ਤੁਹਾਡੀ ਅਪੀਲ ਲੇਟ ਹੋਵੇ ਤਾਂ ਕੀ ਕਰਨਾ ਹੈ

ਡਬਲਯੂ ਸੀ ਏ ਟੀ ਨੂੰ ਤੁਹਾਡਾ ਅਪੀਲ ਦਾ ਨੋਟਿਸ ਰਿਵੀਊ ਡਿਵੀਜ਼ਨ ਦੇ ਫੈਸਲੇ ਦੀ ਤਾਰੀਕ ਤੋਂ ਲੈ ਕੇ 30 ਦਿਨਾਂ ਦੇ ਵਿਚ ਵਿਚ ਮਿਲਣਾ ਜ਼ਰੂਰੀ ਹੈ। ਜੇ ਕੋਈ ਖਾਸ ਹਾਲਤਾਂ ਸਨ ਜਿਨ੍ਹਾਂ ਕਰਕੇ ਤੁਸੀਂ ਆਪਣੀ ਅਪੀਲ ਸ਼ੁਰੂ ਕਰਨ ਦੀ ਡੈੱਡਲਾਈਨ ਤੋਂ ਖੁੰਝ ਗਏ ਸੀ ਤਾਂ ਤੁਸੀਂ ਹੋਰ ਸਮਾਂ ਮੰਗ ਸਕਦੇ ਹੋ। ਤੁਹਾਡੀ ਅਪੀਲ ਸਿਰਫ ਤਾਂ ਹੀ ਅੱਗੇ ਤੁਰੇਗੀ ਜੇ ਡਬਲਯੂ ਸੀ ਏ ਟੀ ਦਾ ਵਾਈਸ ਚੇਅਰ ਤੁਹਾਨੂੰ ਅਪੀਲ ਲਈ ਸਮੇਂ ਵਿਚ ਵਾਧੇ ਦੀ ਆਗਿਆ ਦਿੰਦਾ ਹੈ।

ਸਾਡੇ ਵੈੱਬਸਾਈਟ ਉੱਪਰ ਇਕ ਫਾਰਮ ਭਰ ਕੇ ਸਮੇਂ ਵਿਚ ਵਾਧੇ ਲਈ ਅਪਲਾਈ ਕਰੋ:
WCAT.BC.CA > APPEAL A DECISION > START AN APPEAL > ASK FOR MORE TIME

ਆਪਣਾ ਐਪਲੀਕੇਸ਼ਨ ਫਾਰਮ ਆਪਣੇ ਅਪੀਲ ਦੇ ਨੋਟਿਸ ਨਾਲ ਦਰਜ ਕਰਵਾਉ (ਜਦੋਂ ਤੁਸੀਂ ਆਪਣੀ ਅਪੀਲ ਸ਼ੁਰੂ ਕਰਨ ਲਈ ਕਹਿੰਦੇ ਹੋ)। ਇਹ ਫਾਰਮ ਤੁਹਾਨੂੰ ਇਹ ਵਰਣਨ ਕਰਨ ਲਈ ਕਹੇਗਾ:

1. ਕੀ ਕੋਈ ਖਾਸ ਹਾਲਤਾਂ ਸਨ ਜਿਨ੍ਹਾਂ ਨੇ ਤੁਹਾਨੂੰ ਆਪਣੇ ਅਪੀਲ ਦਾ ਨੋਟਿਸ ਦਰਜ ਕਰਵਾਉਣ ਤੋਂ ਰੋਕਿਆ? ਇਹ ਫੈਸਲਾ ਕਰਨ ਲਈ ਇਨ੍ਹਾਂ ਸਵਾਲਾਂ ਦੀ ਵਰਤੋਂ ਕਰੋ ਕਿ ਕੀ ਤੁਹਾਡੀ ਹਾਲਤ ਕੋਈ ਖਾਸ ਸਥਿਤੀ ਸੀ ਜਾਂ ਨਹੀਂ:
   - ਤੁਹਾਨੂੰ ਰਿਵੀਊ ਡਿਵੀਜ਼ਨ ਦਾ ਫੈਸਲਾ ਕਦੋਂ ਮਿਲਿਆ? ਕੀ ਤੁਹਾਨੂੰ ਮਿਲਿਆ ਵੀ ਸੀ? ਜੇ ਫੈਸਲਾ ਮਿਲਣ ਵਿਚ ਦੇਰੀ ਹੋਈ ਸੀ ਤਾਂ ਕੀ ਤੁਹਾਨੂੰ ਪਤਾ ਹੈ ਕਿ ਇਹ ਕਿਉਂ ਹੋਈ ਸੀ? ਕੀ ਤੁਹਾਨੂੰ ਪਤਾ ਸੀ ਕਿ ਤੁਹਾਨੂੰ ਫੈਸਲੇ ਵਿਰੁੱਧ ਅਪੀਲ ਕਰਨ ਦਾ ਹੱਕ ਸੀ?
   - ਕੀ ਤੁਹਾਨੂੰ ਪਤਾ ਸੀ ਕਿ ਅਪੀਲ ਕਰਨ ਲਈ ਸਮੇਂ ਦੀ ਹੱਦ ਸੀ?
   - ਕੀ ਫੈਸਲੇ ਬਾਰੇ ਕੋਈ ਚੀਜ਼ ਸੀ ਜਿਸ ਨੂੰ ਤੁਸੀਂ ਨਹੀਂ ਸਮਝਿਆ?
   - ਕੀ ਕੋਈ ਨਵਾਂ ਸਬੂਤ ਹੈ ਜਿਹੜਾ ਤੁਹਾਡੀ ਅਪੀਲ ਦੇ ਹੱਕ ਵਿਚ ਹੈ? ਉਦਾਹਰਣ ਲਈ, ਕੀ ਤੁਹਾਨੂੰ ਹੁਣੇ ਹੁਣੇ ਕੋਈ ਮੈਡੀਕਲ ਰਿਪੋਰਟ ਮਿਲੀ ਹੈ ਜਿਹੜੀ ਅਪੀਲ ਦੀ ਮਦਦ ਕਰਦੀ ਹੈ?
   - ਕੀ ਤੁਸੀਂ ਕਿਸੇ ਨੂੰ ਦੱਸਿਆ ਕਿ ਤੁਹਾਡੀ ਫੈਸਲਾ ਕਰਨ ਦੀ ਪਲੈਨ ਸੀ? ਜੇ ਦੱਸਿਆ ਤਾਂ ਤੁਸੀਂ ਕਿਸ ਨੂੰ ਅਤੇ ਕਦੋਂ ਦੱਸਿਆ?
   - ਕੀ ਕੋਈ ਹੋਰ ਤੁਹਾਡੇ ਲਈ ਫੈਸਲੇ ਵਿਰੁੱਧ ਅਪੀਲ ਕਰਨ ਲਈ ਸਹਿਮਤ ਹੋਇਆ? ਉਦਾਹਰਣ ਲਈ, ਕੀ ਤੁਸੀਂ ਕਿਸੇ ਨੁਮਾਇੰਦੇ (ਰੈਪਰੇਜ਼ਿਨਟੇਟਿਵ) ਨੂੰ ਅਪੀਲ ਦਰਜ ਕਰਵਾਉਣ ਲਈ ਕਿਹਾ ਪਰ ਉਸ ਨੇ ਅਜਿਹਾ ਨਹੀਂ ਕੀਤਾ?
   - ਕੀ ਕੁਝ ਹੋਰ ਵਾਪਰਿਆ ਜਿਸ ਨੇ ਤੁਹਾਨੂੰ ਆਪਣਾ ਅਪੀਲ ਦਾ ਨੋਟਿਸ ਦਰਜ ਕਰਵਾਉਣ ਤੋਂ ਰੋਕਿਆ? ਜੇ ਹਾਂ ਤਾਂ ਕੀ ਹੋਇਆ ਸੀ?

2. ਜੇ ਅਪੀਲ ਦੀ ਕਾਰਵਾਈ ਨਹੀਂ ਹੁੰਦੀ ਤਾਂ ਕਿਹੜੀ ਬੇਇਨਸਾਫੀ ਹੋਵੇਗੀ?
   ਤੁਸੀਂ ਇਹ ਵਰਣਨ ਕਰਨਾ ਚਾਹੁੰਦੇ ਹੋ ਸਕਦੇ ਹੋ ਕਿ ਜੇ ਅਪੀਲ ਦੀ ਕਾਰਵਾਈ ਨਹੀਂ ਹੁੰਦੀ ਤਾਂ ਕੀ ਹੋਵੇਗਾ। ਤੁਸੀਂ ਸਾਨੂੰ ਇਹ ਵੀ ਦੱਸ ਸਕਦੇ ਹੋ:
   - ਜਿਸ ਫੈਸਲੇ ਬਾਰੇ ਤੁਸੀਂ ਅਪੀਲ ਕਰਨਾ ਚਾਹੁੰਦੇ ਹੋ ਕੀ ਉਸ ਬਾਰੇ ਸਬੂਤ ਅਜੇ ਵੀ ਉਪਲਬਧ ਹਨ ਅਤੇ ਢੁਕਵੇਂ ਹਨ?
   - ਅਪੀਲ ਕਰਨ ਦਾ ਸਮਾਂ ਖਤਮ ਹੋ ਜਾਣ ਤੋਂ ਬਾਅਦ ਆਪਣੀ ਅਪੀਲ ਨੂੰ ਦਰਜ ਕਰਵਾਉਣ ਵਿਚ ਤੁਹਾਨੂੰ ਕਿਸ ਚੀਜ਼ ਨੇ ਦੇਰੀ ਕਰਵਾਈ?

- ਜੇ ਤੁਹਾਡੀ ਅਪੀਲ ਅੱਗੇ ਤੁਰਦੀ ਹੈ ਤਾਂ ਕੀ ਇਹ ਹੋਰਨਾਂ ਨਾਲ ਬੇਇਨਸਾਫੀ ਹੋਵੇਗੀ?
- ਅਪੀਲ ਲਈ ਡੈੱਡਲਾਈਨ ਲੰਘ ਜਾਣ ਤੋਂ ਬਾਅਦ ਕੀ ਤੁਸੀਂ ਅਪੀਲ (ਅਪੀਲਾਂ) ਦਰਜ ਕਰਵਾਉਣ ਲਈ ਤੇਜ਼ੀ ਨਾਲ ਕਾਰਵਾਈ ਕੀਤੀ? ਜਿਸ ਫੈਸਲੇ ਬਾਰੇ ਤੁਸੀਂ ਅਪੀਲ ਕਰਨਾ ਚਾਹੁੰਦੇ ਹੋ ਕੀ ਉਸ ਬਾਰੇ ਸਬੂਤ ਅਜੇ ਵੀ ਉਪਲਬਧ ਹਨ ਅਤੇ ਢੁਕਵੇਂ ਹਨ?
- ਜੇ ਤੁਸੀਂ ਅਪੀਲ ਨਾ ਕਰ ਸਕਦੇ ਹੋਵੋ ਤਾਂ ਇਸ ਦਾ ਤੁਹਾਡੇ ’ਤੇ ਕਿਵੇਂ ਅਸਰ ਪਵੇਗਾ?

3. ਕੀ ਤੁਹਾਨੂੰ ਸਮੇਂ ਦੀ 30 ਦਿਨਾਂ ਦੀ ਸੀਮਾ ਤੋਂ ਬਾਅਦ ਅਪੀਲ ਦਰਜ ਕਰਵਾਉਣ ਵਿਚ ਦੇਰੀ ਹੋਈ ਸੀ? ਦੇਰੀ ਉਦੋਂ ਹੈ ਜਦੋਂ 30 ਦਿਨਾਂ ਦੀ ਡੈੱਡਲਾਈਨ ਤੋਂ ਬਾਅਦ ਲੰਮਾ ਸਮਾਂ ਲੰਘ ਗਿਆ ਹੁੰਦਾ ਹੈ। ਜੇ ਤੁਹਾਡੀ ਹਾਲਤ ਇਹ ਹੈ ਤਾਂ ਤੁਹਾਨੂੰ ਇਹ ਦੱਸਣ ਦੀ ਲੋੜ ਹੈ ਕਿ ਅਪੀਲ ਦਰਜ ਕਰਵਾਉਣ ਨੂੰ ਇੰਨਾ ਲੰਮਾ ਸਮਾਂ ਕਿਉਂ ਲੱਗਿਆ।

## ਜਦੋਂ ਤੁਸੀਂ ਆਪਣਾ ਐਪਲੀਕੇਸ਼ਨ ਫਾਰਮ ਦਰਜ ਕਰਵਾਉਂਦੇ ਹੋ

ਅਜਿਹੇ ਡਾਕੂਮੈਂਟਸ (ਪੇਪਰ) ਜਾਂ ਹੋਰ ਜਾਣਕਾਰੀ ਸ਼ਾਮਲ ਕਰੋ ਜਿਹੜੇ ਇਹ ਸਾਬਤ ਕਰਨ ਵਿਚ ਮਦਦ ਕਰਦੇ ਹੋਣ ਕਿ ਖਾਸ ਹਾਲਤਾਂ ਸਨ ਜਿਨ੍ਹਾਂ ਨੇ ਤੁਹਾਨੂੰ ਆਪਣੀ ਅਪੀਲ ਸਮੇਂ ਸਿਰ ਦਰਜ ਕਰਵਾਉਣ ਤੋਂ ਰੋਕਿਆ। ਉਦਾਹਰਣ ਲਈ, ਤੁਸੀਂ ਇਹ ਸ਼ਾਮਲ ਕਰ ਸਕਦੇ ਹੋ:

- ✓ ਤੁਹਾਨੂੰ ਜਿਹੜੀ ਨਵੀਂ ਜਾਣਕਾਰੀ ਮਿਲੀ
- ✓ ਆਪਣੇ ਨੁਮਾਇੰਦੇ ਨੂੰ ਇਹ ਦੱਸਣ ਲਈ ਭੇਜੀਆਂ ਗਈਆਂ ਈਮੇਲਾਂ ਜਾਂ ਸੁਨੇਹੇ ਕਿ ਉਹ ਅਪੀਲ ਸ਼ੁਰੂ ਕਰੇ
- ✓ ਇਹ ਸਬੂਤ ਕਿ ਤੁਹਾਨੂੰ ਫੈਸਲਾ ਨਹੀਂ ਮਿਲਿਆ, ਜਿਵੇਂ ਕਿ ਇਹ ਦਿਖਾਉਣ ਲਈ ਡਾਕੂਮੈਂਟਸ ਕਿ ਤੁਸੀਂ ਸਫ਼ਰ ’ਤੇ ਸੀ ਅਤੇ ਆਪਣੀ ਡਾਕ ਲੈਣ ਦੇ ਅਯੋਗ ਸੀ

ਅਸੀਂ ਤੁਹਾਡੇ ਤੋਂ ਤੁਹਾਡੀ ਐਪਲੀਕੇਸ਼ਨ ਬਾਰੇ ਹੋਰ ਜਾਣਕਾਰੀ ਵੀ ਮੰਗ ਸਕਦੇ ਹਾਂ। ਅਸੀਂ ਉਨ੍ਹਾਂ ਨੂੰ ਵੀ ਜਵਾਬ ਦੇਣ ਦਾ ਮੌਕਾ ਦਿਆਂਗੇ ਜਿਨ੍ਹਾਂ ’ਤੇ ਤੁਹਾਡੀ ਐਪਲੀਕੇਸ਼ਨ ਬਾਰੇ ਫੈਸਲੇ ਦਾ ਅਸਰ ਪੈ ਸਕਦਾ ਹੈ, ਜੇ ਉਹ ਚਾਹੁੰਦੇ ਹੋਣ। ਵਾਈਸ ਚੇਅਰ ਇਹ ਫੈਸਲਾ ਕਰੇਗਾ ਕਿ ਕੀ ਤੁਹਾਡੀ ਅਪੀਲ ਜਾਰੀ ਰਹੇਗੀ।

ਕਿਸੇ ਐਡਵਾਈਜ਼ਰ ਨਾਲ ਗੱਲ ਕਰੋ। ਤੁਸੀਂ ਵਰਕਰਾਂ ਜਾਂ ਇਮਪਲੌਏਅਰਾਂ ਦੇ ਐਡਵਾਈਜ਼ਰ ਤੋਂ ਇੱਥੇ ਮੁਫਤ ਮਦਦ ਲੈ ਸਕਦੇ ਹੋ:

ਵਰਕਰਜ਼ ਐਡਵਾਈਜ਼ਰਜ਼ ਆਫਿਸ
www.labour.gov.bc.ca/wao
1 800 663-4261 (ਬੀ.ਸੀ. ਵਿਚ ਮੁਫਤ)

ਇਮਪਲੌਏਅਰਜ਼ ਐਡਵਾਈਜ਼ਰਜ਼ ਆਫਿਸ
www.labour.gov.bc.ca/eao
1 800 925-2233 (ਬੀ.ਸੀ. ਵਿਚ ਮੁਫਤ)

ਸਾਡੇ ਵੈੱਬਸਾਈਟ ’ਤੇ ਜ਼ਿਆਦਾ ਜਾਣੋ: WCAT.BC.CA > RESOURCES > MANUAL OF RULES OF PRACTICE AND PROCEDURE > CHAPTER 17.1: TIME FRAME FOR DECISION MAKING

WCAT.BC.CA > APPEAL A DECISION > PREPARE YOUR CASE > COLLECT EVIDENCE